## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:) ਪੰਜਾਬ ਐਸ.ਏ.ਐਸ ਨਗਰ

## (ਬਜਟ ਸ਼ਾਖਾ)

**ਵੈਬ ਸਾਈਟ ਰਾਹੀਂ:**

ਵੱਲ:

1. ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ:)
2. ਸਮੂਹ ਜਿਲਾ ਸਿੱਖਿਆ ਅਫਸਰ(ਐ:ਸਿ:)
3. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ
4. ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ/ਸਕੂਲ ਮੁੱਖੀ
   ਪੰਜਾਬ ਰਾਜ ਦੇ ਸਮੂਹ ਸਰਕਾਰੀ ਸਕੂਲ

ਮੀਮ ਨੰ: 9/06-2020 ਬਜਟ(4) / 2021102195

ਮਿਤੀ: 25/03/2021

ਵਿਸ਼ਾ:- ਬਿਜਲੀ ਬਿੱਲਾਂ ਦੀ ਬਕਾਇਆ ਖੜੀ ਰਕਮ ਜਮਾਂ ਕਰਵਾਉਣ ਸਬੰਧੀ।

**************

ਉਪਰੋਕਤ ਵਿਸ਼ੇ ਤੇ ਆਪ ਨੂੰ ਪੀ.ਐਸ.ਪੀ.ਸੀ.ਐਲ ਤੋਂ ਪ੍ਰਾਪਤ ਪੈਂਡਿੰਗ ਬਿੱਲਾਂ ਦੀ ਲਿਸਟ ਭੇਜ ਕੇ ਲਿਖਿਆ ਜਾਂਦਾ ਹੈ ਕਿ ਲਿਸਟ ਵਿੱਚ ਦਰਸਾਏ ਗਏ ਸਕੂਲਾਂ ਦੇ ਪੈਂਡਿੰਗ ਬਿਜਲੀ ਬਿੱਲਾਂ ਦੀ ਅਦਾਇਗੀ ਤੁਰੰਤ ਕਰਵਾਈ ਜਾਵੇ।

2.0 ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ) ਅਤੇ (ਐ:ਸਿ:) ਇਹ ਯਕੀਨੀ ਬਣਾਉਣਗੇ ਕਿ ਮੁੱਖ ਦਫਤਰ ਤੋਂ ਜੋ ਬਿਜਲੀ ਦੇ ਬਿੱਲਾਂ ਦੀ ਅਦਾਇਗੀ ਲਈ ਬਜਟ ਅਲਾਟ ਕੀਤਾ ਗਿਆ ਸੀ ਉਹ ਸਕੂਲਾਂ/ਬੀ.ਪੀ.ਈ.ਓ ਦਫਤਰਾਂ ਨੂੰ ਅਲਾਟ ਕੀਤਾ ਜਾ ਚੁੱਕਾ ਹੈ। ਅਣਵੰਡਿਆ ਬਜਟ ਜਿਲਾ ਸਿੱਖਿਆ ਅਫਸਰ ਪਾਸ ਨਹੀਂ ਹੋਣਾ ਚਾਹੀਦਾ।

3.0 ਇਸ ਦੇ ਨਾਲ ਹੀ ਜਿਲਾ ਸਿੱਖਿਆ ਅਫਸਰ ਇਹ ਵੀ ਯਕੀਨੀ ਬਣਾਉਣਗੇ ਕਿ ਸਕੂਲਾਂ ਵੱਲੋਂ ਬਿਜਲੀ ਬਿੱਲ ਖਜਾਨਾ ਦਫਤਰਾਂ ਵਿੱਚ ਪੇਸ਼ ਕੀਤੇ ਜਾ ਚੁੱਕੇ ਹਨ ਅਤੇ ਜੇਕਰ ਕੋਈ ਬਿਜਲੀ ਬਿੱਲ ਪੈਂਡਿੰਗ ਹੈ ਤਾਂ ਮਿਤੀ 25-3-2021 ਤੱਕ ਹਰ ਹਾਲਤ ਵਿਚ ਖਜਾਨਾ ਦਫਤਰ ਸਬਮਿਟ ਕਰਕੇ ਨਿੱਜੀ ਸੰਪਰਕ ਕਰਕੇ ਪਾਸ ਕਰਵਾਇਆ ਜਾਵੇ। ਮਿਤੀ 31-3-2021 ਤੱਕ ਬਜਟ ਦੀ ਯੁਟਿਲਾਈਜ਼ੇਸ਼ਨ ਯਕੀਨੀ ਬਣਾਈ ਜਾਵੇ।

4.0 ਜੇਕਰ ਕਿਸੇ ਸਕੂਲ/ਬੀ.ਪੀ.ਈ.ਓ ਪੱਧਰ ਤੇ ਬਿਜਲੀ ਬਜਟ ਲੈਪਸ ਹੁੰਦਾ ਹੈ ਤਾਂ ਸਕੂਲ ਮੁੱਖੀ ਦੇ ਨਾਲ-ਨਾਲ ਸਬੰਧਤ ਜਿਲਾ ਸਿੱਖਿਆ ਅਫਸਰ ਵੀ ਦੋਸ਼ੀ ਮੰਨਿਆ ਜਾਵੇਗਾ ਅਤੇ ਦੋਸ਼ੀ ਅਧਿਕਾਰੀਆਂ/ਕਰਮਚਾਰੀਆਂ ਵਿਰੁਧ ਵਿਭਾਗੀ ਕਾਰਵਾਈ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ।

ਡਾਇਰੈਕਟਰ
ਸਿੱਖਿਆ ਵਿਭਾਗ(ਸੈ:ਸਿ:) ਪੰਜਾਬ

.0

ਪਿੱਠ ਅੰਕਣ ਨੰ: ਉਕਤ/ ਮਿਤੀ:

ਉਪਰੋਕਤ ਦਾ ਉਤਾਰਾ ਡਾਇਰੈਕਟਰ ਸਿੱਖਿਆ ਵਿਭਾਗ(ਐ:ਸਿ:) ਪੰਜਾਬ ਨੂੰ ਸੂਚਨਾਂ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ
ਸਿੱਖਿਆ ਵਿਭਾਗ(ਸੈ:ਸਿ:) ਪੰਜਾਬ